بِسْمِ اللّٰهِ الرَّحْمٰنِ الرَّحِيْمِ    نَحْمَدُهٗ وَنُصَلِّیْ عَلٰی رَسُوْلِهِ الْكَرِيْمِ    وَعَلٰی عَبْدِهِ الْمَسِيْحِ الْمَوْعُوْد
لَآ اِلٰهَ اِلَّا اللّٰهُ مُحَمَّدٌ رَّسُوْلُ اللّٰهِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

- **ਜੰਗੀ ਹਾਲਾਤਾਂ ਵਿਚੱ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦਾ ਆਚਰਣ**
- **ਮਿਡਲ ਈਸਟ ਵਿਚੱ ਵਿਸ਼ਵ ਯੁਧੱ ਵਾਲੇ ਹਾਲਾਤ, ਖ਼ਾਸ ਦੁਆਵਾਂ ਦੀ ਤਹਰੀਕ**

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 01 ਦਸੰਬਰ 2023 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ اَمَّا بَعْدُ فَاَعُوْذُ بِاللّٰهِ مِنَ الشَّيْطٰنِ الرَّجِيْمِ ۔ بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعٰلَمِيْنَ ۙ۔ الرَّحْمٰنِ الرَّحِيْمِ ۙ۔ مٰلِكِ يَوْمِ الدِّيْنِ ؕ۔ اِيَّاكَ نَعْبُدُ وَاِيَّاكَ نَسْتَعِيْنُ ۔ اِهْدِنَا الصِّرَاطَ الْمُسْتَقِيْمَ ۙ۔ صِرَاطَ الَّذِيْنَ اَنْعَمْتَ عَلَيْهِمْ ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁਦੱ, ਤਾਉਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੀਆਂ ਜੰਗਾਂ ਬਾਰੇ ਕੁਝੱ ਬਿਆਨ ਕਰਾਂਗਾ। ਆਪ ਸਲੱਲਾਹੁ ਅਲੈਹਿ ਵਸਲੱਮ ਦਾ ਆਚਰਣ ਅਤੇ ਜੀਵਨੀ ਇਹਨਾਂ ਹਾਲਾਤਾਂ ਵਿਚੱ ਕਿਵੇਂ ਸਾਡੇ ਸਾਮ੍ਹਣੇ ਆਉਂਦਾ ਹੈ। ਜੰਗੇ ਬਦਰ ਦੇ ਹਵਾਲੇ ਨਾਲ ਅਸੀਂ ਵੇਖ ਚੁੱਕੇ ਹਾਂ ਕਿ ਕਿਵੇਂ ਆਪ ਸਲੱਲਾਹੁ ਅਲੈਹਿ ਵਸਲੱਮ ਨੇ ਕੈਦੀਆਂ ਨੂੰ ਸਹੂਲਤਾਂ ਦਿੱਤੀਆਂ। ਕੈਦੀ ਹੀ ਕਹਿੰਦੇ ਹਨ ਕਿ ਆਪ ਸਲੱਲਾਹੁ ਅਲੈਹਿ ਵਸਲੱਮ ਦੀ ਹਦਾਯਤ ਅਨੁਸਾਰ ਸਹਾਬੀ ਆਪਣੀ ਖ਼ੁਰਾਕ ਤੋਂ ਚੰਗੀ ਖ਼ੁਰਾਕ ਸਾਨੂੰ ਦਿੰਦੇ ਸਨ। ਫ਼ਿਰ ਆਪ ਸਲੱਲਾਹੁ ਅਲੈਹਿ ਵਸਲੱਮ ਨੇ ਬਹੁਤ ਆਸਾਨ ਸ਼ਰਤਾਂ ਉੱਤੇ ਉਹਨਾਂ ਕੈਦੀਆਂ ਨੂੰ ਆਜ਼ਾਦ ਕਰ ਦਿੱਤਾ ਸੀ।

ਕੁਝੱ ਦਾ ਖ਼ੂਨ ਬਹਾ ਇਹਨਾਂ ਸੀ ਕਿ ਜਿੰਨ੍ਹਾਂ ਨੂੰ ਲਿਖੱਣਾ ਪੜ੍ਹਣਾ ਆਉਂਦਾ ਹੈ। ਉਹ ਮੁਸਲਮਾਨਾਂ ਨੂੰ ਲਿਖੱਣਾ ਪੜ੍ਹਣਾ ਸਿਖਾ ਦੇਣ।

ਇਹ ਸਭ ਇਸ ਲਈ ਸੀ ਕਿ ਆਪ ਸਲੱਲਾਹੁ ਅਲੈਹਿ ਵਸਲੱਮ ਦੀ ਕਿਸੇ ਨਾਲ ਜ਼ਾਤੀ ਦੁਸ਼ਮਨੀ ਨਹੀਂ ਸੀ। ਸਗੋਂ ਰਬੱ ਦੇ ਧਰਮ ਨੂੰ ਮਿਟਾਉਣ ਵਾਲਿਆਂ ਦੇ ਖ਼ਿਲਾਫ਼ ਜੰਗ ਸੀ। ਕੁਝੱ ਲੋਕ ਆਪਣੀਆਂ ਮਜਬੂਰੀਆਂ ਕਰਕੇ ਸ਼ਾਮਿਲ ਹੁੰਦੇ ਸਨ ਅਤੇ ਮੁਸਲਮਾਨਾਂ ਨਾਲ ਲੜ੍ਹਣਾ ਨਹੀਂ ਚਾਹੁੰਦੇ ਸਨ। ਉਹਨਾਂ ਨੂੰ ਆਪ ਸਲੱਲਾਹੁ ਅਲੈਹਿ ਵਸਲੱਮ ਨੇ ਬਹੁਤ ਸਾਰੀਆਂ ਸਹੂਲਤਾਂ ਦਿੱਤੀਆਂ। ਕੁਝੱ ਉਹਨਾਂ ਵਿੱਚੋਂ ਮੁਸਲਮਾਨ ਵੀ ਹੋ ਗਏ ਸਨ। ਆਪ ਸਲੱਲਾਹੁ ਅਲੈਹਿ ਵਸਲੱਮ ਨੇ ਜੰਗ ਲਈ ਕਾਨੂੰਨ ਬਣਾਏ ਤਾਂ ਸੰਧੀਆਂ ਦਾ ਖ਼ਿਆਲ ਵੀ ਰਖਿੱਆ ਅਤੇ ਉਹਨਾਂ ਚੀਜ਼ਾਂ ਉੱਤੇ ਬਹੁਤ ਅਮਲ ਵੀ ਕੀਤਾ। ਅਜੱ ਕਲ੍ਹੱ ਦੀ ਦੁਨੀਆ ਵਾਂਗ ਨਹੀਂ ਕਿ ਕਾਨੂੰਨ ਤਾਂ ਬਹੁਤ ਸਾਰੇ ਬਣਾਏ। ਪਰ ਅਮਲ ਕੋਈ ਨਹੀਂ। ਸਗੋਂ ਦੋਹਰੇ ਮਿਆਰ ਹਨ।

ਅਜੱ ਓਹਦ ਦੇ ਹਵਾਲੇ ਨਾਲ ਕੁਝੱ ਬਿਆਨ ਕਰਾਂਗਾ। ਜਿਵੇਂ ਕਿ ਕਿੱਸੇ ਸਾਬਤ ਕਰਦੇ ਹਨ ਕਿ ਇਹ ਜੰਗ ਵੀ ਦੁਸ਼ਮਨ ਨੇ ਆਪਣੀ ਦੁਸ਼ਮਨੀ ਦੀ ਅਗੱ ਕਰਕੇ ਸ਼ੁਰੂ ਕੀਤੀ ਸੀ ਅਤੇ ਮਜਬੂਰ ਹੋ ਕੇ ਮੁਸਲਮਾਨਾਂ ਨੂੰ ਵੀ ਜੰਗ ਲਈ ਨਿਕਲਣਾ ਪਿਆ। ਇਹ ਗ਼ਜ਼ਵਾਹ ਜੰਗੇ ਬਦਰ ਦੇ ਇਕੱ ਸਾਲ ਬਾਦ ਸ਼ਵਾਲ ਤਿੰਨ ਹਿਜਰੀ ਵਿਚੱ ਹਫ਼ਤੇ ਦੇ ਦਿਨ ਪੈਸ਼ ਆਇਆ।

ਇਤਿਹਾਸਕਾਰ ਅਤੇ ਜੀਵਨੀ ਲਿਖੱਣ ਵਾਲੇ ਇਸ ਗਲੱ ਉੱਤੇ ਸਹਿਮਤ ਹਨ ਕਿ ਗ਼ਜ਼ਵਾਹ ਓਹਦ ਸ਼ਵਾਲ ਤਿੰਨ ਹਿਜਰੀ ਵਿਚੱ ਪੈਸ਼ ਆਇਆ। ਪਰ ਇਕੱ ਸਾਖੀ ਚਾਰ ਹਿਜਰੀ ਦੀ ਵੀ ਹੈ ਅਤੇ ਵਧੇਰੇ ਕਰਕੇ ਸਤੱ ਤੇ ਪੰਦਰ੍ਹਾ ਸ਼ਵਾਲ ਦਾ ਜ਼ਿਕਰ ਕੀਤਾ ਜਾਂਦਾ ਹੈ।

ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਮਦੀਨਾ ਤੋਂ ਜੁਮਆ ਦੇ ਦਿਨ ਅਸਰ ਦੀ ਨਮਾਜ਼ ਦੇ ਬਾਦ ਨਿਕਲੇ ਅਤੇ ਹਫ਼ਤੇ ਦੇ ਦਿਨ ਸੂਰਜ ਨਿਕਲਣ ਤੋਂ ਪਹਿਲਾਂ ਓਹਦ ਦੇ ਮੈਦਾਨ ਵਿਚੱ ਪਹੁੰਚੇ।

ਸੀਰਤ ਖ਼ਾਤਮੁਨੰਬੀਯੀਨ ਵਿਚੱ ਗ਼ਜ਼ਵਾਹ ਓਹਦ ਦੀ ਮਿੱਤੀ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਨੇ 15 ਸ਼ਵਾਲ 03 ਹਿਜਰੀ ਅਨੁਸਾਰ 31 ਮਾਰਚ 624 ਈ ਹਫ਼ਤੇ ਦਾ ਦਿਨ ਬਿਆਨ ਕੀਤੀ ਹੈ।

ਇਸ ਗ਼ਜ਼ਵਾਹ ਦਾ ਕਾਰਨ ਇਹ ਹੋਇਆ ਕਿ ਜਦੱ ਗਜ਼ਵਾਹ ਬਦਰ ਵਿਚੱ ਕੁਰੈਸ਼ ਨੂੰ ਬੁਰੀ ਹਾਰ ਹੋਈ ਤਾਂ ਕੁਰੈਸ਼ ਦੇ ਸਰਦਾਰਾਂ ਵਿੱਚੋਂ, ਜਿਵੇਂ ਅਬਦੁੱਲਾਹ ਬਿਨ ਅਬੀ ਰਬੀਆ, ਅਕਰਮਾ ਬਿਨ ਅਬੂ ਜਹਲ, ਸਫ਼ਵਾਨ ਬਿਨ ਉਮੱਯਾ ਅਤੇ ਹੋਰ ਕੁਝੱ ਸਰਦਾਰ, ਅਬੂ ਸਫ਼ਯਾਨ ਦੇ ਕੋਲ੍ਹ ਆਏ। ਜਿੰਨ੍ਹਾਂ ਦਾ ਉਸ ਵਿਉਪਾਰੀ ਕਾਫ਼ਲੇ ਵਿਚੱ ਮਾਲ ਸੀ। ਜੋ ਜੰਗੇ ਬਦਰ ਦਾ ਕਾਰਨ ਬਣਿਆ ਸੀ। ਇਹ ਮਾਲ ਮੱਕੇ ਵਿਚੱ ਲਿਆ ਕੇ ਦਾਰ-ਉਨ-ਨਦਵਾਹ ਵਿਚੱ ਰਖਿੱਆ ਗਿਆ ਸੀ। ਉਹਨਾਂ ਨੇ ਅਬੂ ਸੁਫ਼ਯਾਨ ਨੂੰ ਕਿਹਾ ਕਿ ਮੁਹਮੱਦ (ਸਲੱਲਾਹੁ ਅਲੈਹਿ ਵਸਲੱਮ) ਨੇ ਸਾਡੇ ਲੋਕਾਂ ਨੂੰ ਕਤਲ ਕਰ ਦਿੱਤਾ ਹੈ। ਇਸ ਲਈ ਇਸ ਵਿਉਪਾਰੀ ਮਾਲ ਨਾਲ ਉਹਨਾਂ ਨਾਲ ਜੰਗ ਦੀ ਤਿਆਰੀ ਕਰਨ। ਹੋ ਸਕਦਾ ਹੈ ਕਿ ਅਸੀਂ ਆਪਣੇ ਕਤਲ ਹੋਣ ਵਾਲਿਆਂ ਦਾ ਬਦਲਾ ਲੈ ਸਕਣ ਅਤੇ ਕਿਹਾ ਕਿ ਅਸੀਂ ਖ਼ੁਸ਼ੀ ਨਾਲ ਇਸ ਗਲੱ ਲਈ ਤਿਆਰ ਹਨ ਕਿ ਇਸ ਵਿਉਪਾਰੀ ਮਾਲ ਦੇ ਲਾਭ ਤੋਂ ਇਕੱ ਲਸ਼ਕਰ ਤਿਆਰ ਹੋਵੇ। ਉਹਨਾਂ ਦਾ ਸੁਝਾਵ ਮੰਨਿਆ ਗਿਆ।

ਕੁਰੈਸ਼ ਨੇ ਮਾਲ ਵਿੱਚੋਂ 25 ਹਜ਼ਾਰ ਲਾਭ ਜੰਗ ਲਈ ਵਖੱ ਕਰਕੇ ਅਸਲ ਮਾਲ ਮਾਲਿਕਾਂ ਨੂੰ ਦੇ ਦਿੱਤਾ।

ਇਸ ਇਕੱ ਆਮ ਕਾਰਨ ਤੋਂ ਬਿਨਾਂ ਕੁਝੱ ਹੋਰ ਕਾਰਨ ਵੀ ਸਨ ਜੋ ਕਿ ਇਸ ਜੰਗ ਦੇ ਕਾਰਨ ਕਰਾਰ ਦਿੱਤੇ ਜਾ ਸਕਦੇ ਹਨ। ਗ਼ਜ਼ਵਾਹ ਬਦਰ ਦੇ ਬਾਦ ਮੱਕੇ ਵਾਲਿਆਂ ਦਾ ਸ਼ਾਮ ਜਾਣਾ ਔਖਾ ਹੋ ਗਿਆ। ਕਿਉਂਕਿ ਮੱਕੇ ਦਾ ਵਿਉਪਾਰਿਕ ਰਾਹ ਮਦੀਨੇ ਦੇ ਪਿੰਡਾਂ ਵਿੱਚੋਂ ਲੰਘਦਾ ਸੀ ਅਤੇ ਕੁਰੈਸ਼ ਨੂੰ ਆਪਣੇ ਪਿਛੱਲੇ ਜ਼ੁਲਮ ਕਰਕੇ ਉੱਥੋਂ ਲੰਘਣਾ ਔਖਾ ਹੋ ਰਿਹਾ ਸੀ। ਗ਼ਜ਼ਵਾਤ ਅਤੇ ਸਰਯਾ ਵਿਚੱ ਹਾਰ, ਬਦਰ ਵਿਚੱ ਕੁਰੈਸ਼ ਦੇ ਸਰਦਾਰਾਂ ਦਾ ਕਤਲ ਅਤੇ ਸਤੱਰ ਦਵੈਤਵਾਦੀਆਂ ਦੀ ਗਿਰਫ਼ਤਾਰੀ ਵਰਗੇ ਕਾਰਨ ਉਹਨਾਂ ਦੇ ਮਾਣ ਅਤੇ ਸਮਾਜੀ ਹਾਲਤ ਉੱਤੇ ਮੰਦਾ ਦਾਗ਼ ਸਨ। ਉਹ ਬਦਲਾ ਲੈਣਾ ਚਾਹੁੰਦੇ ਸਨ ਤਾਂ ਕਿ ਉਹਨਾਂ ਦੀ ਇਜ਼ੱਤ ਬਚ ਜਾਵੇ। ਇਕੱ ਲੇਖਕ ਨੇ ਇਕੱ ਕਾਰਨ ਇਹ ਬਿਆਨ ਕੀਤਾ ਹੈ ਕਿ ਕੁਰੈਸ਼ ਨੂੰ ਕੁਝੱ ਲੜਾਈਆਂ ਵਿਚੱ ਹਾਰ ਹੋਈ ਅਤੇ ਇਸ ਕਰਕੇ ਉਹਨਾਂ ਵਿਚੱ ਦੁਖੱ, ਗ਼ਮ ਤੇ ਬਦਲੇ ਦਾ ਜਜ਼ਬਾ ਬਹੁਤ ਵਧੱ ਗਿਆ ਸੀ। ਸੋ, ਹੋਰ ਵੀ ਬਹੁਤ ਸਾਰੇ ਕਾਰਨ ਸਨ। ਜਿੰਨ੍ਹਾਂ ਕਰਕੇ

ਕੁਰੈਸ਼ ਜੰਗ ਦੀ ਤਿਆਰੀ ਕਰਦੇ ਰਹੇ। ਆਂਡ ਗੁਆਂਡ ਦੇ ਕਬੀਲਿਆਂ ਨੂੰ ਆਪਣੇ ਨਾਲ ਮਿਲਾਉਣ ਲਈ, ਕਿਸੇ ਨੂੰ ਲਾਲਚ, ਕਿਸੇ ਨੂੰ ਗ਼ੈਰਤ ਦੇ ਕੇ ਅਤੇ ਕਿਸੇ ਨੂੰ ਹਿੰਮਤ ਕਰਨ ਨੂੰ ਕਹਿ ਕੇ ਨਾਲ ਮਿਲਾ ਲਿਆ।

ਹਜ਼ਰਤ ਅੱਬਾਸ ਰਜ਼ੀ ਅੱਲਾਹ ਅੰਨਹੁ ਵੱਲੋਂ ਇਕੱ ਪਤੱਰ ਰਾਹੀਂ ਕੁੱਫ਼ਾਰ ਦੀ ਇਹਨਾਂ ਤਿਆਰੀਆਂ ਦੀ ਖ਼ਬਰ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੂੰ ਹੋ ਗਈ ਸੀ। ਦੂਜੇ ਪਾਸੇ ਯਹੂਦੀਆਂ ਅਤੇ ਧੋਖੇਬਾਜ਼ਾਂ ਨੇ ਪ੍ਰਸਿਧੱ ਕਰ ਦਿੱਤਾ ਸੀ ਕਿ ਮੁਹਮੱਦ ਸਲੱਲਾਹੁ ਅਲੈਹਿ ਵਸਲੱਮ ਨੂੰ ਕੋਈ ਚੰਗੀ ਖ਼ਬਰ ਨਹੀਂ ਮਿਲੀ। ਉਹਨਾਂ ਨੇ ਇਸ ਖ਼ਬਰ ਵਿਚੱ ਮਿਲਾਵਟ ਕਰਕੇ ਬਹੁਤ ਫ਼ੈਲਾ ਕੇ ਮੁਸਲਮਾਨਾਂ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ। ਜਿਸ ਨਾਲ ਹਰ ਇਕੱ ਹੋਸ਼ਿਆਰ ਹੋ ਗਿਆ। ਰੋਲ੍ਹਾ ਰੱਪਾ ਸੀ ਕਿ ਦਵੈਤਵਾਦੀ ਜੰਗ ਲਈ ਆ ਰਹੇ ਹਨ।

ਰਮਜ਼ਾਨ ਤਿੰਨ ਹਿਜਰੀ ਦੇ ਅੰਤ ਜਾਂ ਸ਼ਵਾਲ ਦੇ ਸ਼ੁਰੂ ਵਿਚੱ ਕੁਰੈਸ਼ ਦਾ ਲਸ਼ਕਰ ਮੱਕੇ ਤੋਂ ਨਿਕਲਿਆ। ਗਿਣਤੀ ਤਿੰਨ ਹਜ਼ਾਰ ਸੀ। ਜਿਸ ਵਿਚੱ ਸਤੱ ਸੌ ਸਪਾਹੀ, ਦੋ ਸੌ ਘੋੜ੍ਹੇ ਅਤੇ ਤਿੰਨ ਹਜ਼ਾਰ ਊਂਠ ਸਨ।

ਪੰਦਰ੍ਹਾ ਔਰਤਾਂ ਵੀ ਨਾਲ ਸਨ। ਜਿੰਨ੍ਹਾਂ ਵਿਚੱ ਅਬੂ ਸੁਫ਼ਯਾਨ, ਅਕਰਮਾ ਬਿਨ ਅਬੂ ਜਹਲ, ਸਫ਼ਵਾਨ ਬਿਨ ਉਮੱਯਾ, ਖ਼ਾਲਿਦ ਬਿਨ ਵਲੀਦ ਅਤੇ ਅਮਰ ਬਿਨ ਆਸ ਦੀਆਂ ਪਤਨੀਆਂ ਵੀ ਸ਼ਾਮਿਲ ਸਨ।

ਹਜ਼ਰਤ ਅੱਬਾਸ ਰਜ਼ੀ ਅੱਲਾਹ ਅੰਨਹੁ ਨੇ ਲਸ਼ਕਰ ਦੀ ਸਾਰੀ ਜਾਣਕਾਰੀ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੂੰ ਭੇਜ ਦਿੱਤੀ ਸੀ ਅਤੇ ਅਮਰ ਬਿਨ ਸਾਲਿਮ ਨੇ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੂੰ ਦਵੈਤਵਾਦੀਆਂ ਦੇ ਨਿਕਲਣ ਦੀ ਖ਼ਬਰ ਦੇ ਦਿੱਤੀ ਸੀ। ਜਿਸ ਦਾ ਅਬੂ ਸੁਫ਼ਯਾਨ ਨੂੰ ਪਤਾ ਲਗਿੱਆ ਤਾਂ ਉਹ ਅਗੱ ਬਗੋਲਾ ਹੋ ਗਿਆ। ਸਫ਼ਵਾਨ ਬਿਨ ਉਮੱਯਾ ਨੇ ਕਿਹਾ ਕਿ ਸਾਡੀ ਗਿਣਤੀ ਵਧੱ ਹੈ, ਜੰਗ ਦਾ ਸਮਾਨ ਵੀ ਵਧੱ ਹੈ, ਅਸੀਂ ਉਹਨਾਂ ਦਾ ਜਾਨ ਮਾਲ ਦਾ ਨੁਕਸਾਨ ਕਰਨ ਦੀ ਤਾਕਤ ਰਖੱਦੇ ਹਾਂ। ਜਦੱ ਕਿ ਉਹ ਇਸ ਯੋਗ ਨਹੀਂ।

ਅਬੂ ਸੁਫ਼ਯਾਨ ਦੀ ਪਤਨੀ ਹਿੰਦ ਨੇ ਕਿਹਾ ਕਿ ਤੁਸੀਂ ਮੁਹਮੱਦ (ਸਲੱਲਾਹੁ ਅਲੈਹਿ ਵਸਲੱਮ) ਦੀ ਮਾਤਾ ਦੀ ਕਬਰ ਖੋਦ ਦਿਓ ਅਤੇ ਹਰ ਵਿਅਕਤੀ ਦੇ ਖ਼ੂਨ ਬਹਾ ਵਿਚੱ ਉਹਨਾਂ ਦੀ ਮਾਤਾ ਦਾ ਇਕੱ ਅੰਗ ਪਾ ਦੇਣਾ। ਕੁਰੈਸ਼ ਨੇ ਇਸ ਦਾ ਵਿਰੋਧ ਕੀਤਾ ਕਿ ਇੰਞ ਉਹ ਸਾਡੇ ਮੁਰਦੀਆਂ ਦੀਆਂ ਕਬਰਾਂ ਖੋਦ ਦੇਣਗੇ। ਇਸ ਲਸ਼ਕਰ ਦੀਆਂ ਔਰਤਾਂ ਬਦਲੇ ਲੈਣ ਉੱਤੇ ਜ਼ੋਰ ਪਾ ਰਹੀਆਂ ਸਨ ਅਤੇ ਇਹ ਕਾਫ਼ਲਾ ਅੱਗੇ ਵਧੱਦਾ ਰਿਹਾ। ਦੂਜੇ ਪਾਸੇ ਮੁਸਲਮਾਨ ਤਿਆਰ ਸਨ।

ਸੀਰਤ ਖ਼ਾਤਮੁਨੰਬੀਯੀਨ ਵਿਚੱ ਲਿਖਿੱਆ ਹੈ ਕਿ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਦੋ ਸਹਾਬੀਆਂ ਨੂੰ ਕੁਰੈਸ਼ ਦੇ ਲਸ਼ਕਰ ਦੀ ਖ਼ਬਰ ਲੈਣ ਲਈ ਭੇਜਿਆ ਅਤੇ ਇਸ ਮੌਕੇ ਉੱਤੇ ਆਪ ਸਲੱਲਾਹੁ ਅਲੈਹਿ ਵਸਲੱਮ ਨੇ ਮੁਸਲਮਾਨਾਂ ਦੀ ਗਿਣਤੀ ਅਤੇ ਤਾਕਤ ਪਤਾ ਕਰਨ ਲਈ ਮਦੀਨੇ ਦੀ ਸਾਰੀ ਮੁਸਲਮਾਨ ਆਬਾਦੀ ਦੀ ਗਿਣਤੀ ਕਰਵਾਈ ਤਾਂ ਪਤਾ ਲਗਿੱਆ ਕਿ ਕੁਲੱ ਪੰਦਰ੍ਹਾ ਸੌ ਮੁਸਲਮਾਨ ਰਹਿੰਦੇ ਹਨ।

ਉਸ ਸਮੇਂ ਦੇ ਹਾਲਾਤਾਂ ਅਨੁਸਾਰ ਉਸ ਨੂੰ ਵੱਡੀ ਗਿਣਤੀ ਸਮਝਿਆ ਗਿਆ। ਕੁਝੱ ਸਹਾਬੀਆਂ ਨੇ ਖ਼ੁਸ਼ੀ ਦੇ ਜੋਸ਼ ਵਿਚੱ ਇੱਥੇ ਤਕੱ ਕਿਹਾ ਕਿ ਕੀ ਹੁਣ ਵੀ ਕਿਸੇ ਦਾ ਡਰ ਹੋ ਸਕਦਾ ਹੈ ?

ਜਦੱ ਓਹਦ ਦੀ ਜੰਗ ਦੀ ਤਿਆਰੀ ਲਈ ਸਲਾਹ ਹੋਈ। ਤਾਂ ਉਸ ਸਮੇਂ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਰਾਤ ਮੈਂ ਇਕੱ ਸੁਪਨਾ ਵੇਖਿਆ ਕਿ ਇਕੱ ਗਾਂ ਜੋ ਕੁਰਬਾਨ ਕੀਤੀ ਜਾ ਰਹੀ ਹੈ ਅਤੇ

ਆਪਣੀ ਤਲਵਾਰ ਅਰਥਾਤ ਜ਼ੁਲਫ਼ਕਾਰ ਦੀ ਧਾਰ ਵਿਚੱ ਦੰਦੇ ਪੈ ਗਏ ਹਨ। (ਹੋਰ ਸਾਖੀਆਂ ਵਿਚੱ ਤਲਵਾਰ ਦੇ ਦਸਤੇ ਟੁਟੱਣ ਅਤੇ ਦਸਤੇ ਦੇ ਕੋਲ੍ਹ ਦਰਾੜ੍ਹ ਆਉਣ ਦਾ ਜ਼ਿਕਰ ਆਉਂਦਾ ਹੈ)। ਫ਼ਿਰ ਮੈਂ ਵੇਖਿਆ ਕਿ ਮੈਂ ਇਕੱ ਮਜ਼ਬੂਤ ਜ਼ਿਰਹ ਨੂੰ ਹਥੱ ਪਾ ਰਿਹਾ ਹਾਂ। ਇਕੱ ਸਾਖੀ ਵਿਚੱ ਇਕੱ ਮਜ਼ਬੂਤ ਜ਼ਿਰਹ ਪਾਏ ਹੋਣ ਦਾ ਜ਼ਿਕਰ ਹੈ ਅਤੇ ਮੈਂ ਇਕੱ ਭੇਡੂ ਉੱਤੇ ਸਵਾਰ ਹਾਂ। ਆਪ ਸਲੱਲਾਹੁ ਅਲੈਹਿ ਵਸਲੱਮ ਨੇ ਇਸ ਦਾ ਇਹ ਅਰਥ ਕਢਿੱਆ ਕਿ ਜਿੱਥੇ ਤਕੱ ਗਾਂ ਦਾ ਸੰਬੰਧ ਹੈ ਤਾਂ ਉਸ ਨਾਲ ਇਹ ਇਸ਼ਾਰਾ ਹੈ ਕਿ ਮੇਰੇ ਘਰ ਵਾਲਿਆਂ ਵਿੱਚੋਂ ਜਾਂ ਪਰਿਵਾਰ ਵਿੱਚੋਂ ਕੋਈ ਵਿਅਕਤੀ ਕਤਲ ਹੋਵੇਗਾ ਅਤੇ ਮਜ਼ਬੂਤ ਜ਼ਿਰਹ ਦਾ ਅਰਥ ਮਦੀਨਾ ਹੈ ਅਤੇ ਭੇਡੂ ਦਾ ਅਰਥ ਹੈ ਕਿ ਮੈਂ ਦੁਸ਼ਮਨ ਦੇ ਸਾਥੀਆਂ ਨੂੰ ਕਤਲ ਕਰਾਂਗਾ। ਸੋ, ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਇਸ ਗਲੱ ਉੱਤੇ ਸਲਾਹ ਮੰਗੀ ਅਤੇ ਫ਼ਰਮਾਇਆ ਕਿ ਜੇਕਰ ਤੁਹਾਡੀ ਸਲਾਹ ਹੋਵੇ ਤਾਂ ਮਦੀਨਾ ਵਿਚੱ ਰੁਕਾਂ ਅਤੇ ਔਰਤਾਂ ਤੇ ਬਚਿੱਆਂ ਨੂੰ ਅਸੀਂ ਕਿਲ੍ਹਿੱਆਂ ਵਿਚੱ ਪਹੁੰਚਾ ਦਿਆਂਗੇ। ਮਦੀਨਾ ਇਕੱ ਕਿੱਲ੍ਹੇ ਵਾਂਗ ਸੀ। ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਜੋ ਸਲਾਹ ਦਿੱਤੀ। ਉਹੀ ਵੱਡੇ ਮੁਹਾਜਰਾਂ ਅਤੇ ਅਨੰਸਾਰ ਦੀ ਸਲਾਹ ਸੀ। ਪਰ ਨੌਜਵਾਨ ਮੁਸਲਮਾਨਾਂ ਦੀ ਇਕੱ ਜਮਾਅਤ ਨੇ, ਜੋ ਬਦਰ ਦੀ ਜੰਗ ਵਿਚੱ ਸ਼ਾਮਿਲ ਨਹੀਂ ਹੋਈ ਸੀ ਅਤੇ ਆਪਣੀ ਸ਼ਹਾਦਤ ਨਾਲ ਧਰਮ ਦੀ ਸੇਵਾ ਕਰਨਾ ਚਾਹੁੰਦੇ ਸਨ, ਜ਼ੋਰ ਦਿੱਤਾ ਕਿ ਆਪ ਸਾਨੂੰ ਮਦੀਨਾ ਤੋਂ ਬਾਹਰ ਲੈ ਕੇ ਜਾਓ ਤਾਂ ਕਿ ਵਿਰੋਧੀ ਸਾਨੂੰ ਕਮਜ਼ੋਰ ਨ ਸਮਝਣ।

ਆਪ ਸਲੱਲਾਹੁ ਅਲੈਹਿ ਵਸਲੱਮ ਨੇ ਨੌਜਵਾਨਾਂ ਦੀ ਸਲਾਹ ਮੰਨ ਲਈ ਅਤੇ ਫ਼ੈਸਲਾ ਫ਼ਰਮਾਇਆ ਕਿ ਅਸੀਂ ਖੁੱਲ੍ਹੇ ਮੈਦਾਨ ਵਿਚੱ ਨਿਕਲ ਕੇ ਕੁੱਫ਼ਾਰ ਦਾ ਮੁਕਾਬਲਾ ਕਰਾਂਗੇ ਅਤੇ ਜੁਮਆ ਦੀ ਨਮਾਜ਼ ਦੇ ਬਾਦ ਆਪ ਸਲੱਲਾਹੁ ਅਲੈਹਿ ਵਸਲੱਮ ਨੇ ਮੁਸਲਮਾਨਾਂ ਵਿਚੱ ਆਮ ਐਲਾਨ ਫ਼ਰਮਾਇਆ ਕਿ ਰਬੱ ਦੀ ਰਾਹ ਵਿਚੱ ਜਿਹਾਦ ਦੇ ਉਦੇਸ਼ ਨਾਲ ਇਸ ਗ਼ਜ਼ਵਾਹ ਵਿਚੱ ਸ਼ਾਮਿਲ ਹੋ ਕੇ ਪੁੰਨ ਪ੍ਰਾਪਤ ਕਰਨ।

ਬਾਕੀ ਵਿਸਥਾਰ ਇੰਸ਼ਾ-ਅੱਲਾਹ ਅੱਗੇ ਬਿਆਨ ਹੋਵੇਗਾ।

ਹਜ਼ੂਰ ਨੇ ਅੰਤ ਵਿਚੱ ਫ਼ਰਮਾਇਆ ਕਿ ਫ਼ਲਸਤੀਨੀਆਂ ਲਈ ਦੁਆਵਾਂ ਕਰਦੇ ਰਹੋ। ਜੰਗ ਬੰਦੀ ਖ਼ਤਮ ਹੋਣ ਦੇ ਬਾਦ ਫ਼ਿਰ ਉਹਨਾਂ ਉੱਤੇ ਬੰਬਾਰੀ ਹੋਵੇਗੀ ਅਤੇ ਫ਼ਿਰ ਮਾਸੂਮ ਸ਼ਹੀਦ ਹੋਣਗੇ। ਕਿੰਨ੍ਹਾਂ ਕੋ ਜ਼ੁਲਮ ਹੋਵੇਗਾ ਰਬੱ ਹੀ ਜਾਣਦਾ ਹੈ। ਉਹਨਾਂ ਦੇ ਭਵਿਖੱ ਬਾਰੇ ਵੱਡੀ ਤਾਕਤਾਂ ਦੇ ਇਰਾਦੇ ਬਹੁਤ ਖ਼ਤਰਨਾਕ ਹਨ। ਇਸ ਲਈ ਬਹੁਤ ਦੁਆਵਾਂ ਦੀ ਜ਼ਰੂਰਤ ਹੈ। ਉਹਨਾਂ ਉੱਤੇ ਰਬੱ ਰਹਿਮ ਫ਼ਰਮਾਏ। ਆਮੀਨ

اَلْحَمْدُ لِلّٰهِ! اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ أَنْ لَّآ اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ رَحِمَكُمُ اللّٰهُ اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِی الْقُرْبٰی وَيَنْهٰی عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔